

| ਸਬਜ਼ੀਆਂ | ਕੀੜੇ ਅਤੇ ਨਿਸ਼ਾਨੀਆਂ | ਰੋਕਥਾਮ ਦੇ ਢੰਗ | ਸਾਵਧਾਨੀਆਂ |
| --- | --- | --- | --- |
| ਟਮਾਟਰ | ਤੇਲਾ ਅਤੇ ਚਿੱਟੀ ਮੱਖੀ<br> <br>ਫ਼ਲ ਦਾ ਗੜੂੰਆਂ:<br>ਇਸ ਦੀਆਂ ਸੁੰਡੀਆਂ ਫ਼ਲ ਵਿਚ ਛਕੇ ਕਰਕੇ ਫ਼ਲ ਨਸ਼ਟ ਕਰ ਦਿੰਦੀਆਂ ਹਨ ।<br><br> | 400 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਫ਼ਲ ਪੈਣ ਤੇ ਛਿੜਕੋ ।<br>ਹੇਠ ਲਿਖੀਆਂ ਕੀੜੇਮਾਰ ਜ਼ਹਿਰਾਂ ਵਿਚੋਂ ਕਿਸੇ ਇਕ ਜ਼ਹਿਰ ਨੂੰ ਫ਼ਸਲ ਤੇ ਫੁੱਲ ਆਉਣ ਸਾਰ ਹੀ ਪ੍ਰਤੀ ਏਕੜ 100 ਲਿਟਰ ਪਾਣੀ ਵਿਚ ਘੋਲ ਕੇ ਤਿੰਨ ਛਿੜਕਾਅ 2 ਹਫ਼ਤਿਆਂ ਦੇ ਫ਼ਰਕ ਨਾਲ ਕਰੋ:<br>1) ਸੇਵਿਨ/ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) 800 ਗ੍ਰਾਮ<br>2) ਸੁਮੀਸੀਡੀਨ 20 ਈ ਸੀ (ਫੈਨਵਲਰੇਟ) 100 ਮਿਲੀਲਿਟਰ ।<br>3) ਰਿਪਕਾਰਡ 10 ਈ ਸੀ (ਸਾਈਪਰਮੈਥਰਿਨ) 200 ਮਿਲੀਲਿਟਰ<br>4) ਡੈਸਿਸ 2.8 ਈ ਸੀ (ਡੈਲਟਾਮੈਥਰਿਨ) 160 ਮਿਲੀਲਿਟਰ<br>5) ਕਰੀਨਾ 50 ਈ ਸੀ (ਪਰੋਫੈਨੋਫ਼ਾਸ) 600 ਮਿਲੀਲਿਟਰ<br>6) ਫੇਮ 480 ਐਸ ਐਲ (ਫਲੂਬੈਂਡਾਮਾਈਟ) 30 ਮਿਲੀਲਿਟਰ | ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪਕੇ ਫ਼ਲ ਤੜੋ ਲਓ।<br>ਫੇਮ ਦੇ ਛਿੜਕਾਅ ਤੋਂ ਪਿੱਛੋਂ 3 ਦਿਨ ਤੱਕ ਫ਼ਲ ਨਾ ਤੋੜੋ। |
| ਖੀਰਾ, ਕਰੇਲਾ, ਕਾਲੀ ਤੋਰੀ, ਘੀਆ ਕੱਦੂ, ਟੀਂਡਾ, ਚੱਪਣ | ਕੱਦੂ ਦੀ ਲਾਲ ਭੂੰਡੀ:<br>ਜਦੋਂ ਪੌਦੇ ਛੋਟੇ ਹੀ ਹੁੰਦੇ ਹਨ ਤਾਂ ਲਾਲ ਭੂੰਡੀ ਇਨ੍ਹਾਂ ਤੇ ਹਮਲਾ ਕਰਦੀ ਹੈ । ਜ਼ਿਆਦਾ ਹਮਲਾ ਹੋਣ ਤੇ ਫ਼ਸਲ ਬਿਲਕੁਲ ਤਬਾਹ ਹੋ ਜਾਂਦੀ ਹੈ । | 75-150 ਗ੍ਰਾਮ ਸੇਵਿਨ ਜਾਂ ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) ਨੂੰ 50-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦੇ ਫ਼ਰਕ ਤੇ ਛਿੜਕੋ ਜਾਂ ਉੱਗਣ ਤੋਂ ਤੁਰੰਤ ਪਿਛੋਂ ਇਕ | ਹਮਲੇ ਤੋਂ ਬਚਣ ਲਈ ਫ਼ਸਲ ਨਵੰਬਰ ਵਿਚ ਬੀਜਣੀ ਚਾਹੀਦੀ ਹੈ । |

| | | | |
|---|---|---|---|
| ਕੱਦੂ |  <br><br>ਤੇਲਾ:<br>ਇਸ ਦਾ ਹਮਲਾ ਫ਼ਰਵਰੀ ਤੋਂ ਮਾਰਚ ਤੱਕ ਹੁੰਦਾ ਹੈ ।<br>ਇਹ ਪੱਤਿਆਂ ਤੋਂ ਰਸ ਚੂਸ ਲੈਂਦੇ ਹਨ । ਤੇਲਾ<br>ਕਈ ਵਿਸ਼ਾਣੂੰ ਰੋਗ ਫੈਲਾਉਂਦਾ ਹੈ।<br><br><br>ਲਾਲ ਮਕੌੜਾ ਜੂੰ:<br>ਇਸ ਦਾ ਹਮਲਾ ਪੱਤਿਆਂ ਤੇ ਹੁੰਦਾ ਹੈ ਤੇ ਬੂਟਿਆਂ ਦਾ ਰਸ ਚੂਸਦੀ ਹੈ । ਪੱਤਿਆਂ ਤੇ ਜਾਲੇ ਬਣ ਜਾਂਦੇ ਹਨ ਅਤੇ ਪੱਤੇ ਸੁੱਕ ਕੇ ਝੜ ਜਾਂਦੇ ਹਨ ।<br> | ਵਾਰ 2.75 ਕਿਲੋ ਫਿਊਰਾਡਾਨ 3 ਜੀ (ਕਾਰਬੋਫੂਰਾਨ) ਪ੍ਰਤੀ ਏਕੜ ਦੇ ਹਿਸਾਬ 3-4 ਸੈਂਟੀਮੀਟਰ ਡੂੰਘੀ ਪੌਦਿਆਂ ਦੇ ਨੇੜੇ ਪਾਉਣ ਪਿਛੋਂ ਪਾਣੀ ਦਿਓ ।<br><br>250 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ । ਲੋੜ ਪੈਣ ਤੇ ਇਹ ਛਿੜਕਾਅ 10 ਦਿਨਾਂ ਬਾਅਦ ਦੁਹਰਾਓ ।<br><br>200 ਮਿਲੀਲਿਟਰ ਰੋਗਰ 30 ਈ ਸੀ (ਡਾਈਮਥੈਏਟੇ ) ਜਾਂ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੇਟੋਨ ਮਿਥਾਈਲ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । | |

| | | | |
|---|---|---|---|
| | ਫ਼ਲ ਦੀ ਮੱਖੀ:<br>ਇਹ ਨਰਮ ਫ਼ਲ ਵਿਚ ਮੋਰੀਆਂ ਕਰਕੇ ਉਸਨੂੰ ਖ਼ਰਾਬ ਕਰ ਦਿੰਦੀ ਹੈ । ਇਸ ਮੱਖੀ ਦਾ ਵਧੇਰੇ ਹਮਲਾ ਤਰ, ਕਾਲੀ ਤੋਰੀ, ਕਰੇਲਾ, ਘੀਆ ਕੱਦੂ, ਟੀਂਡਾ ਤੇ ਖਰਬੂਜ਼ੇ ਤੇ ਹੁੰਦਾ ਹੈ ।<br> | ਹਮਲੇ ਵਾਲੇ ਫ਼ਲ ਤੋੜ ਕੇ ਜ਼ਮੀਨ ਵਿਚ ਡੂੰਘੇ ਦਬਾਅ ਦਿਓ ਅਤੇ ਮੈਲਾਥੀਆਨ 0.05% + 1% ਗੁੜਜਾਂ ਖੰਡ ਦਾ ਘੋਲ (20 ਮਿਲੀਲਿਟਰ ਮੈਲਾਥੀਅਨ 50 ਈ ਸੀ ਤੇ 200 ਗ੍ਰਾਮ ਗੁੜ ਜਾਂ ਖੰਡ 20 ਲਿਟਰ ਪਾਣੀ ਵਿਚ) ਮਿਲਾ ਕੇ ਛਿੜਕਾਅ ਕਰੋ । ਜੇਕਰ ਇਸ ਦਾ ਹਮਲਾ ਵਧੇਰੇ ਹੋਵੇ ਤਾਂ ਇਹ ਛਿੜਕਾਅ ਹਫ਼ਤੇ-ਹਫ਼ਤੇ ਬਾਅਦ ਦੁਹਰਾਓ । | |
| ਭਿੰਡੀ | ਜੈਸਿਡ ਅਤੇ ਚਿਤਕਬਰੀ ਸੁੰਡੀ :<br>ਬਹਤੁ ਸਾਰੇ ਛੋਟੇ ਛੋਟੇ ਹਰੇ ਰੰਗ ਦੇ ਤੇਲੇ (ਬਾਲਗ ਤੇ ਬੱਚੇ) ਪੱਤਿਆਂ ਦੇ ਹੇਠਲੇ ਪਾਸੇ ਬੈਠੇ ਹੁੰਦੇ ਹਨ । ਭਿੰਡੀ ਦੀ ਫ਼ਸਲ ਤੇ ਮਈ ਤੋਂ ਸਤੰਬਰ ਤੱਕ ਹਮਲਾ ਕਰਦ` ਹਨ । ਜੈਂ ਸਡ ਤੇਲੇ ਦੇ ਹਮਲੇ ਕਾਰਨ ਪੱਤੇ ਕਿਨਾਰਿਆਂ ਤੋਂ ਪੀਲੇ ਹੋ ਜਾਂਦੇ ਹਨ ਅਤੇ ਉਪਰ ਵੱਲ ਮੁੜ ਕੇ ਠੂਠੀ ਬਣ ਜਾਂਦੇ ਹਨ । ਫਿਰ ਸੁੱਕ ਕੇ ਝੜ ਜਾਦੇ ਹਨ ।ਚਿਤਕਬਰੀ ਸੁੰਡੀ ਦੇ ਹਮਲੇ ਵਾਲੀਆਂ ਲਗਰਾਂ ਕੁਮਲਾਅ ਜਾਦੀਆਂ ਹਨ ਅਤੇ ਥੱਲੇ ਨੂੰ ਡਿੱਗ ਪੈਂਦੀਆਂ ਹਨ । ਚਿਤਕਬਰੀ ਸੁੰਡੀ ਦੇ ਹਮਲੇ ਵਾਲੇ ਫ਼ਲ ਕਾਣੇ ਹੋ ਜਾਂਦੇ ਹਨ ।<br> | ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ 15 ਦਿਨ ਦੇ ਵਕਫੇ ਨਾਲ ਇੱਕ ਜਾ ਦੋ ਵਾਰ 560 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਜੈਸਿਡ ਅਤੇ ਚਿਤਕਬਰੀ ਸਡੁੰ ੀ ਤੋਂ ਬਚਾਅ ਲਈ ਜਿਉਂ ਹੀ ਫੁੱਲ ਪੈਣੇ ਸ਼ੁਰੂ ਹੋਣ, 15 ਦਿਨ ਦੇ ਵਕਫੇ ਨਾਲ ਤਿੰਨ ਛਿੜਕਾਅ 70 ਗ੍ਰਾਮ ਪ੍ਰੋਕਲੇਮ 05 ਐਸ ਜੀ ਐਮਾਮੈਕਟੀਨ ਬੈਂਜੋਏਟ ਜਾਂ 500 ਗ੍ਰਾਮ ਸੇਵਿਨ/ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ ਫੈਨਵੈਲਰੇਟ) ਜਾਂ 80 ਮਿਲੀਲਿਟਰ ਸਿੰਬੁਸ਼ 25 ਈ ਸੀ (ਸਾਈਪਰਮੈਥਰਿਨ) ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । | 1. ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫ਼ਲ ਤੋੜ ਲਉ ਜਾਂ ਛਿੜਕਾਓ ਤੋਂ ਦੋ ਦਿਨ ਬਾਅਦ ਤੋੜੋ ।<br><br>2. ਮੂਢੀ ਕਪਾਹ ਦੇ ਉਗੇ ਬੂਟੇ ਪੁੱਟ ਦਿਉ ਕਿਉਂਕਿ ਟੀਂਡੇ ਛੇਕਣ ਵਾਲੇ ਕੀੜੇ ਇਸ ਬੂਟੇ ਤੇ ਰਹਿੰਦੇ ਹਨ।<br><br>3. ਹਮਲੇ ਵਾਲੇ ਫ਼ਲ ਲਗਾਤਾਰ ਤੋੜ ਕੇ ਜ਼ਮੀਨ ਵਿੱਚ ਡੂੰਘੇ ਨੱਪ ਦਿਉ । |

| | | | |
|---|---|---|---|
| | <br>**ਮਕੌੜਾ ਜੂੰ :**<br>ਪੱਤਿਆਂ ਤੇ ਹਮਲਾ ਕਰਦੀ ਹੈ ।ਇਹ ਰਸ ਚੂਸਦੀ ਹੈ ।ਪੱਤਿਆਂ ਤੇ ਜਾਲੇ ਲੱਗ ਜਾਂਦੇ ਹਨ । ਪੱਤੇ ਸੁੱਕ ਕੇ ਝੜ ਜਾਂਦੇ ਹਨ ।<br> | ਇਸਦੀ ਰੋਕਥਾਮ ਲਈ 250 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੇਟੋਨ ਮੀਥਾਈਲ) ਜਾਂ ਰੋਗਰ 30 ਈ ਸੀ (ਡਾਈਮੈਥੋਏਟ) ਪ੍ਰਤੀ ਏਕੜ ਦੇ ਹਿਸਾਬ 100-125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ । | |